<OFFICIAL AND MEDIA LANGUAGES><MASS MEDIA><BEDI VANDJARA><PANDIAN NOO AG LAG JAOO><1987><AARSI - OCTOBER 1987><DELHI><8-10><2175><BEDI - PANDIAN AAG LAG>

ਪੰਜਾਬੀ ਵਿਚ, ਹੁਸਨ ਦੀ ਚੜ੍ਹਤ ਦੀ ਗੱਲ ਵੰਨ-ਸਵੰਨੇ ਬਿੰਬਾਂ ਤੇ ਰੂਪਕਾਂ ਦੁਆਰਾ ਕੀਤੀ ਗਈ ਹੈ, ਕਿਧਰੇ ਦਿਨ ਚੜ੍ਹਦੇ ਦੀ ਲਾਲੀ ਦੁਆਰਾ, ਕਿਧਰੇ ਨਾਭੇ ਦੀ ਬੰਦ ਬੋਤਲੇ ਤੇ ਕਿਧਰੇ ਬਲੀਏ ਕਣਕ ਦੀਏ ਦੁਆਰਾ, ਜਿਤਨੇ ਆਸ਼ਕ ਉਤਨੇ ਬਿੰਬ, ਹਰੇਕ ਦੀ ਕਸਵਟੀ ਵਖਰੀ, ਆਪੋ ਆਪਣੀ ਰੁਚੀ ਅਨੁਸਾਰ । ਠੰਢੇ ਸੁਭਾ ਵਾਲੇ ਆਸ਼ਕ ਨੂੰ ਤਾਂ 'ਦਿਨ ਚੜ੍ਹਦੇ ਦੀ ਲਾਲੀ, ਰੂਪ ਕੰਵਾਰੀ ਦਾ' ਜ਼ਿਆਦਾ ਪਸੰਦ ਆਵੇਗਾ । 'ਦਿਨ ਚੜ੍ਹਦੇ ਦੀ ਲਾਲੀ' ਵਿਚ ਪ੍ਰਕ੍ਰਿਤਕ ਸਹਿਜ ਹੈ, ਪਲ ਪਲ ਵਧਦਾ ਜਲੌ, ਸੂਰਜ ਦੇ ਉਭਰਨ ਨਾਲ ਉਹ ਲਾਲੀ ਹੋਰ ਗੌਰਵਮਈ ਹੁੰਦੀ ਜਾਂਦੀ ਹੈ, ਪਰ ਇਹੋ ਭਖ਼ਦੀ ਲਾਲੀ ਸੂਰਜ ਦੇ ਹੋਰ ਉਤੇਰੇ ਹੋਣ ਨਾਲ, ਪਹਿਲਾਂ ਕੋਸੀ ਕੋਸੀ ਧੁੱਪ ਤੇ ਫਿਰ ਅੱਗ ਵਾਂਗ ਤਪਦੀ ਸ਼ਕਦੀ ਬਣ ਜਾਂਦੀ ਹੈ । ਹੁਸਨ ਦੀ ਇਹ ਭਖ਼ਦੀ ਅੱਗ ਇਕ ਹੋਰ ਬੋਲੀ ਵਚਿ ਇਉਂ ਬਿਆਨੀ ਗਈ ਹੈ :

ਘੁੰਡ ਚੁਕ ਨਾ ਪੱਤਣ ਤੇ ਖੜੀਏ,
ਪਾਣੀਆਂ ਨੂੰ ਅੱਗ ਲਗ ਜਾਊ

ਗੋਰੀ ਦੇ ਰੂਪ ਦਾ ਜਲੌ ਵੇਖ ਕੇ ਪਾਣੀ ਵੀ ਆਪਣਾ ਸਹਿਜ ਗੰਵਾ ਬੈਠਦਾ ਹੈ । ਜੇ ਵੇਖਿਆ ਜਾਵੇ ਤਾਂ ਪਾਣੀ ਸਿਰਫ ਵਾਣੀ ਹੀ ਨਹੀਂ । ਇਕ ਦੇਵਤਾ ਵੀ ਹੈ, ਜਲ ਦੇਵਤਾ, ਇੰਦਰ ਦੇਵਤਾ । ਜਿਸ ਵਿਚ ਦੈਵੀ ਸ਼ਕਤੀਆਂ ਤਾਂ ਹਨ ਹੀ, ਪਰ ਉਹ ਮਾਨਵੀ ਬਿਰਤੀਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ।

ਇੰਦਰ ਦੇਵਤਾ ਹੁਸਨ ਦਾ ਚਾਹਵਾਨ ਹੈ । ਖ਼ੂਬਸੂਰਤ ਅਪੱਛਰਾਂ ਉਸ ਦੇ ਅਖਾੜੇ ਦਾ ਸ਼ਿੰਗਾਰ ਹਨ, ਇਕ ਤੋਂ ਇਕ ਚੜ੍ਹਦੀਆਂ । ਇੰਦਰ ਦੇਵਤੇ ਦੀ ਨਿਗਾਹ ਧਰਤੀ ਉਤੇ ਵਿਚਰਦੀ ਖ਼ੂਬਸੂਰਤੀ ਉਤੇ ਵੀ ਹੈ । ਗੌਤਮ ਰਿਸ਼ੀ ਦੀ ਪਤਨੀ ਅਹਿਲਿਆਂ ਨੂੰ ਚੰਦਰਮੇ ਦੀ ਸਹਾਇਤਾ

ਨਾਲ, ਇੰਦਰ ਨੇ ਗੌਤਮ ਦਾ ਰੂਪ ਧਾਰ ਕੇ, ਭੋਗਿਆ ਸੀ । ਜਲ ਵਿਚਲਾ ਦੇਵਤਾ ਹੁਸਨ ਦੀ ਝਾਲ ਨਹੀਂ ਝਲ ਸਕਦਾ । ਪਾਣੀ ਨੂੰ ਅੱਗ ਤਾਂ ਆਪੇ ਲਗਣੀ ਹੋਈ ।

ਪੰਜਾਬੀ ਮੁਟਿਆਰ ਦਾ ਹੁਸਨ ਭਖ਼ਦਾ ਹੁਸਨ ਹੈ । ਇਕ ਲਾਟ ਉਸ ਦੇ ਅੰਦਰ ਮੱਚ ਮੱਚ ਬਲਦੀ ਹੈ, ਜਿਸ ਨੂੰ ਉਹ ਦੀਵੇ ਦੀ ਜੋਤ ਵਾਂਗ ਖੁਦ ਭੋਗਦੀ ਹੈ, ਬ੍ਰਿਹੁੰ ਤੇ ਵੈਰਾਗ ਦੇ ਰੂਪ ਵਿਚ । ਇਕ ਲਾਟ ਉਸ ਦੀ ਕਾਇਆ ਦੁਆਲੇ ਲਟ ਲਟ ਬਲ ਰਹੀ ਹੁੰਦੀ ਹੈ, ਜਿਸ ਨੂੰ ਆਸ਼ਕ ਮਿਜ਼ਾਜ ਗਭਰੂ ਭੋਗਦੇ ਹਨ । ਪਾਣੀ ਉਸ ਦੇ ਹੁਸਨ ਨੂੰ ਹਮੇਸ਼ਾਂ ਇਕ ਆਭਾ ਬਖਸ਼ਦਾ ਰਿਹਾ ਹੈ, ਪਤਾ ਨਹੀਂ ਕਿਉਂ ? ਸ਼ਾਇਦ ਜਲ ਵਿਚਲੇ ਦੇਵਤੇ ਦੀ ਹੀ ਕੋਈ ਕਰਾਮਾਤ ਹੋਵੇ । ਭਾਵੇਂ ਇਹ ਪਾਣੀ ਛਪੜਾ ਦਾ ਹੀ ਕਿਉਂ ਨਾ ਹੋਵੇ, ਔਰਤ ਨੂੰ ਸੁਲਫੇ ਦੀ ਲਾਟ ਵਰਗਾ ਬਣਾ ਦਿੰਦਾ ਹੈ :

ਰੰਨ ਨਹਾ ਕੇ ਛਪੜ ’ਚੋਂ ਨਿਕਲੀ
ਸੁਲਫੇ ਦੀ ਲਾਟ ਵਰਗੀ ।

ਅਜਿਹੇ ਭਖ਼ਦੇ ਹੁਸਨ ਨਾਲ, ਜੋ ਪਾਣੀ ਨੂੰ ਵੀ ਅੱਗ ਲਗਾ ਦੇਂਦਾ ਹੈ, ਦਾ ਇਸ਼ਕ ਵੀ ਕਿਤਨਾ, ਤੱਤਾ ਹੋਵੇਗਾ ।

ਹੁਸਨ ਸਿਰਫ ਔਰਤ ਦੀ ਬਾਹਰਲੀ ਖ਼ੂਬਸੂਰਤੀ ਦਾ ਨਾਂ ਨਹੀਂ, ਔਰਤ ਦੇ ਅੰਦਰਲੇ ਸੁਹਜ - ਸੀਰਤ, ਸਦਗੁਣਾਂ ਤੇ ਮੋਹ-ਮੁਹਬਤ ਦੇ ਉਬਲਦੇ ਭਾਵਾਂ ਦੇ ਸੰਜੋਗ ਦਾ ਨਾਉਂ ਹੈ । ਭਾਵੇਂ ਕੋਈ ਮੁਟਿਆਰ ਕਿਤਨੀ ਵੀ ਹੁਸੀਨ ਹੋਵੇ, ਜੇ ਉਸ ਦੇ ਪਿੰਡੇ ਵਿਚੋਂ ਅਥਰੀ ਜਵਾਨੀ ਦੀ ਅਲੌਕਿਕ ਜਿਹੀ ਖ਼ੁਸ਼ਬੋ ਨਹੀਂ ਮੁਸ਼ਕਦੀ ਤੇ ਇਸ਼ਕ ਮੁਹੱਬਤ ਉਸ ਦੀ ਕਾਇਆ ਨੂੰ ਆਭਾ ਨਹੀਂ ਬਖਸ਼ਦੀ, ਉਹ ਕੁੜੀ ਰੱਤ-ਮਾਸ ਦੀ ਪੁਤਲੀ ਤਾਂ ਹੋ ਸਕਦੀ ਹੈ, ਅੱਗ ਦਾ ਭਬੂਕਾ ਬਣੀ ਪੰਜਾਬਣ ਨਹੀਂ ।

‘‘ਹੁਸਨ ਤੱਤਾ ਨਾ ਹੋਵੇ ਤਾਂ ਉਹ ਕਦੇ ਇਸ਼ਕ ਵਿਚ ਨਹੀਂ ਬਦਲਦਾ ।’’ ਕਾਲਜ ਵਿਚ ਪੜ੍ਹਦਿਆਂ, ਪ੍ਰੋ: ਪੂਰਨ ਸਿੰਘ ਦੀ ਕਵਿਤਾ ‘ਆ ਵੀਰ ਰਾਂਝਿਆ’ ਨੂੰ ਪੜ੍ਹਾਂਦਿਆਂ ਮੇਰੇ ਇਕ ਅਧਿਆਪਕ ਨੇ ਕਿਹਾ ਸੀ, ‘‘ਠੰਢੇ ਹੁਸਨ ਨੇ ਨਾ ਖੁਦ ਪਿਘਲਣਾ ਹੁੰਦੈ ਅਤੇ ਨਾ

ਹੀ ਕਿਸੇ ਦੂਜੇ ਨੂੰ ਪਿਘਲਾਣਾ ਹੁੰਦੈ ।"

"ਪਰ ਜੇ ਠੰਢੀ ਮੁਟਿਆਰ ਨਾਲ ਕੋਈ ਤੱਤਾ ਇਸ਼ਕ ਕਰੇ ਤਾਂ..." ਮੇਰੇ ਅਗੇ ਬੈਠੇ ਇਕ ਮੁੰਡੇ ਨੇ ਪੁਛਿਆ ।

"ਠੰਢਾ ਤੱਤਾ ਰਲਣ ਨਾਲ ਜੋ ਭਾਣਾ ਵਰਤਦੈ" ਅਧਿਆਪਕ ਨੇ ਮੁਸਕਰਾਂਦੇ ਹੋਏ ਕਹਿ ਕੇ ਗੱਲ ਮੁਕਾ ਦਿਤੀ ।

ਪਰ ਪੰਜਾਬਣਾਂ ਦਾ ਹੁਸਨ ਕਿਤਨਾ ਵੀ ਠੰਢਾ ਹੋਵੇ, ਉਸ ਵਿਚ ਤੱਤੀ ਅੱਗ ਕਿਧਰੇ ਨਾ ਕਿਧਰੇ ਦੱਬੀ ਹੁੰਦੀ ਹੈ, ਜੋ ਇਸ਼ਕ ਦੀ ਰਤਾ ਕੁ ਜਿੰਨੀ ਬਵਾ ਲਗਣ ਨਾਲ ਚੰਗਿਆੜੀਆਂ ਛੱਡਣ ਲਗਦੀ ਹੈ ।

ਕਹਿੰਦੇ ਨੇ ਇਕ ਨਾਗ ਕੰਨਿਆ ਨਿਵਲ ਦੇਈ ਰੱਜ ਕੇ ਹੁਸੀਨ ਸੀ, ਜਿਸਮ ਜਿਵੇਂ ਚੰਗਿਆੜੀਆਂ ਛਡਦਾ ਹੋਵੇ, ਸੱਪਣੀ ਵਰਗੀਆਂ ਕੀਲ ਲੈਣ ਵਾਲੀਆਂ ਰਹੱਸਮਈ ਅੱਖੀਆਂ, ਤੁਰਦੀ ਤਾਂ ਲਕ ਵਲ ਖਾਂਦਾ, ਛਿਕ ਦੀ ਛਿਮਕ । ਬਾਸ਼ਕ ਨਾਗ ਦੀ ਕੰਨਿਆ, ਨਿਰਾ ਸ਼ੋਅਲਾ ।

ਕਿਸੇ ਸੱਪ ਨੇ ਗਊ ਨੂੰ ਡੰਗ ਲਿਆ । ਗਊ ਨੇ ਬਾਸ਼ਕ ਨਾਗ ਨੂੰ ਕੋਹੜੇ ਹੋਣ ਦਾ ਸਰਾਪ ਦੇ ਦਿਤਾ । ਇਹ ਕੋਹੜ ਸਿਰਫ ਅੰਮ੍ਰਿਤ ਕੁੰਡ ਦੇ ਜਲ ਨਾਲ ਦੂਰ ਹੋ ਸਕਦਾ ਸੀ । ਅੰਮ੍ਰਿਤ ਜਲ ਦੇ ਤਿੰਨ ਕੁੰਡ ਸਪੀਦੋ (ਜੀਂਦ ਦਾ ਇਕ ਕਸਬਾ) ਵਿਚ ਪਾਂਡਵਾਂ ਦੀ ਨਿਗਰਾਨੀ ਹੇਠ ਸਨ । ਪਾਂਡੋ ਨਾਗਾਂ ਦੇ ਵੈਰੀ ਸਨ । ਦੁਆਪਰ ਯੁਗ ਵਿਚ ਜਨਮੇਜਾ ਨੇ ਆਪਣੇ ਪਿਤਾ ਪ੍ਰੀਖਸ਼ਿਤ ਦੀ ਮੌਤ ਦਾ ਬਦਲਾ ਲੈਣ ਲਈ, ਜੋ ਇਕ ਨਾਗ ਦੇ ਡੰਗਣ ਨਾਲ ਮਰਿਆ ਸੀ, ਇਥੇ ਸਰਪਮੇਧ ਯੱਗ ਕੀਤਾ ਸੀ । ਫਲ ਸਰੂਪ ਇਸ ਥਾਂ ਦਾ ਨਾਂ ਪਹਿਲਾਂ 'ਸਰਪ ਦਮਨ' ਤੇ ਫਿਰ ਵਿਗੜਕੇ 'ਸਪੀਦੋ' ਪੈ ਗਿਆ ।

ਨਿਵਲ ਦੇਈ ਨੇ ਅੰਮ੍ਰਿਤ ਕੁੰਡ ਤੋਂ ਜਲ ਲਿਆ ਕੇ ਪਿਉ ਦਾ ਕੋਹੜ ਦੂਰ ਕਰਨਾ ਚਾਹਿਆ । ਪਰ ਪਾਂਡੋਆਂ ਦੇ ਇਕ ਗਭਰੂ ਨਾਲ ਨਿਵਲ ਦੇਈ ਦਾ ਰਿਸ਼ਤਾ ਹੋ ਕੇ ਟੁੱਟ ਗਿਆ ਸੀ ਤੇ ਉਹ ਗਭਰੂ ਆਪਣੇ ਹਮੈਤੀਆਂ ਨਾਲ ਹਮੇਸ਼ਾ ਨਿਵਲ ਦੇਈ ਨੂੰ ਉਧਾਲਣ ਲਈ ਮੌਕਾ ਤਾੜਦਾ ਰਹਿੰਦਾ । ਨਿਵਲ ਦੇਈ ਵਰਗੀ ਮੰਗ ਕਿਵੇਂ ਕੋਈ ਛਡ ਸਕਦਾ ਸੀ ।

ਨਿਵਲ ਦੇਈ ਜਿਤਲੀ ਖ਼ੂਬਸੂਰਤ ਸੀ, ਉਤਨੀ ਹੀ ਸੁੱਚੀ, ਸਤਿ-ਸਰੂਪ ਤੇ ਮੋਹ-ਭਿੱਜੀ । ਪ੍ਰਕਿਰਤੀ ਵੀ ਉਸ ਦੀ ਦੈਵੀ ਤੇ ਅਪੂਰਵ ਹੁਸਨ ਦੀ ਝਲਕ ਲੈ ਕੇ ਵਿਸਮਾਦ ਵਿਚ ਆ ਜਾਂਦੀ । ਦਰਖ਼ਤ ਝੁਕ ਕੇ ਪ੍ਰਨਾਮ ਕਰਦੇ, ਵਿਛ ਵਿਛ ਪੈਂਦੇ, ਤੁਰਦਿਆਂ ਧਰਤੀ ਉਹਦੇ ਪੈਰ ਚੁੰਮ ਚੁੰਮ ਲੈਂਦੀ, ਜੇ ਕਦੇ ਧੁੱਪ ਹੁੰਦੀ ਤਾਂ ਚਾਂਦੀ ਚਿੱਟੀਆਂ ਬਦਲੋਟੀਆਂ ਉਹਨੂੰ ਛਾਂ ਕਰਦੀਆਂ ।

ਜਦੋਂ ਦਿਨ ਅੰਦਰ ਬਾਹਰ ਹੋਇਆ ਤਾਂ ਨਿਵਲ ਦੇਈ ਅੰਮ੍ਰਿਤ ਲੈਣ ਕੁੰਡ ਉਤੇ ਗਈ । ਉਥੇ ਤਿੰਨ ਕੁੰਡ ਸਨ ਤੇ ਹਰੇਕ ਕੁੰਡ ਉਤੇ ਇਤਨੇ ਭਾਰੀ ਪੱਥਰ ਪਏ ਸਨ, ਕਿ ਨਿਵਲ ਦੇਈ ਤਾਂ ਕੀ ਸਾਰੇ ਨਾਗ ਰਲ ਕੇ ਵੀ ਨਹੀਂ ਚੁਕ ਸਕਦੇ ਸਨ । ਨਿਵਲ ਦੇਈ ਨੇ ਇਕ ਪੱਥਰ ਵਲ ਮੁਸਕਰਾ ਕੇ ਵੇਖਿਆ ਤੇ ਫਿਰ ਉਸ ਨੂੰ ਦੋਹਾਂ ਹੱਥਾਂ ਨਾਲ ਧਕਣ ਲਗੀ । ਉਸ ਦੇ ਰੂਪ ਦੇ ਜਲੌ ਅਗੇ ਪੱਥਰ ਹੌਲਾ ਫੁਲ ਹੋ ਗਿਆ ਤੇ ਨਿਵਲ ਦੇਈ ਨੇ ਉਸ ਨੂੰ ਪੋਲੇ ਜਿਹੇ ਚੁਕ ਕੇ ਇਕ ਪਾਸੇ ਰਖ ਦਿਤਾ ।

ਨਿਵਲ ਦੇਈ ਨੂੰ ਪਤਾ ਸੀ ਕਿ ਜਲ ਦੇਵਤਾ ਉਸ ਦੇ ਹੁਸਨ ਦੀ ਦੀਦ ਲਈ ਬਿਹਬਲ ਸੀ, ਇਸ ਲਈ ਉਹਨੇ ਪਹਿਲਾਂ ਹੀ ਘੁੰਡ ਕੱਢ ਰਖਿਆ ਸੀ । ਉਸ ਨੇ ਕੁੰਡ ਵਿਚ ਝਾਕਣ ਦੀ ਥਾਂ, ਪਿਛੇ ਵਲ ਮੂੰਹ ਕਰ ਕੇ ਅੰਮ੍ਰਿਤ ਜਲ ਦਾ ਬੁਕ ਭਰਨਾ ਚਾਹਿਆ । ਪਰ ਇਸ ਤੋਂ ਪਹਿਲਾਂ ਕਿ ਨਿਵਲ ਦੇਈ ਕੁੰਡ ਵਿਚੋਂ ਅੰਮ੍ਰਿਤ ਜਲ ਦਾ ਬੁੱਕ ਭਰਦੀ, ਜਲ ਬਹੁਤ ਹੇਠਾਂ ਉਤਰ ਗਿਆ । ਨਿਵਲ ਦੇਈ ਜਲ ਦੀ ਖੋਟੀ ਨੀਤ ਤਾੜ ਗਈ ਤੇ ਕਰੋਧ ਵਿਚ ਉਬਲਦੀ ਹੋਈ ਕਹਿਣ ਲਗੀ, ‘‘ਓਇ ਬਦਨੀਤਿਆ, ਮੇਰੇ ਰੂਪ ਦੀ ਝਲਕ ਨਹੀਂ ਮਿਲੀ ਤਾਂ ਤੂੰ ਹੇਠਾਂ ਉਤਰ ਗਿਐਂ । ਮੈਂ ਤੈਨੂੰ ਸਰਾਪ ਦੇ...’’

‘‘ਤੂੰ ਸਿਰਫ ਇਕ ਵਾਰ ਆਪਣੇ ਹੁਸਨ ਦੀ ਝਲਕ ਦੇ ਦੇ, ਸਰਾਪ ਨਾਲ ਤੇਰਾ ਭਲਾ ਨਹੀਂ ਹੋਣ ਵਾਲਾ ।’’

ਤਾਂ ਨਿਵਲ ਦੇਈ ਨੇ ਘੁੰਡ ਉਤਾਰ ਕੇ ਪਾਣੀ ਵਿਚ ਝਾਕਿਆ । ਜਲ ਦੇਵਤਾ ਉਸ ਦੇ ਹੁਸਨ ਦੀ ਝਲਕ ਲੈਣ ਤੇ ਉਸ ਦਾ ਅਕਸ ਆਪਣੇ ਵਿਚ ਸਮਾਣ ਲਈ, ਉਪਰ ਵਲ ਜ਼ੋਰ

ਨਾਲ ਉਠਿਆ । ਝਲਕ ਲੈਂਦੇ ਸਾਰ ਜਲ ਉਬਲਣ ਲਗਾ ਤੇ ਕੁੰਡ ਵਿਚ ਤੂਫ਼ਾਨ ਆ ਗਿਆ । ਇਸ ਤੂਫ਼ਾਨ ਦਾ ਸ਼ੋਰ ਕਾਫੀ ਦੂਰ ਤਕ ਸੁਣਾਈ ਦਿਤਾ । ਪਾਂਡੋ ਇਹ ਸ਼ੋਰ ਸੁਣ ਸਾਰੀ ਗੱਲ ਸਮਝ ਗਏ । ਉਹਨਾਂ ਨੂੰ ਪਹਿਲਾਂ ਤੋਂ ਹੀ ਸੰਦੇਹ ਸੀ ਕਿ ਬਾਸ਼ਕ ਨਾਗ ਨੂੰ ਕੋਹੜ ਹੈ ਤੇ ਉਹ ਕੁੰਜ ਵਿਚੋਂ ਅਮ੍ਰਿਤ ਜਲ ਲੈਣ ਲਈ ਨਿਵਲ ਦੇਈ ਨੂੰ ਜ਼ਰੂਰ ਭੇਜੇਗਾ । ਸੋ ਉਹ ਕੁੰਡ ਵਲ ਨਠੇ ਪਰ ਜਿਸ ਪਾਂਡੋ ਨਾਲ ਨਿਵਲ ਦੇਈ ਦੀ ਮੰਗਣੀ ਹੋਕੇ ਟੁਟ ਗਈ ਸੀ, ਉਹ ਗਭਰੂ ਇਕੱਲਾ ਹੀ ਘੋੜੇ ਉਤੇ ਸਵਾਰ ਹੋ ਕੇ ਕੁੰਡ ਉਤੇ ਪੁਜਿਆ । ਨਿਵਲ ਦੇਈ ਸੱਪਣੀ ਦਾ ਰੂਪ ਧਾਰ ਕੇ ਖੂਹ ਦੇ ਬਨੇਰੇ ਹੇਠ ਛੁਪ ਗਈ । ਪਾਂਡੋ ਤੋਂ ਇਕ ਬਚਨ ਮੰਗਿਆ, "ਮੈਂ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੋ ਸਕਦੀ ਹਾਂ, ਪਰ ਤੂੰ ਮੈਨੂੰ ਛੂਹੇਂਗਾ ਨਹੀਂ ।"

"ਮੈਂ ਸਿਰਫ ਤੇਰੇ ਹੁਸਨ ਦਾ ਦੀਦਾਰ ਕਰਨਾ ਚਾਹੁੰਦਾ ਹਾਂ, ਉਸ ਅੱਗ ਦਾ ਦੀਦਾਰ, ਤੁਸ ਨੇ ਅਮ੍ਰਿਤ ਕੁੰਡ ਦੇ ਪਵਿਤਰ ਜਲ ਵਿਚ ਵੀ ਆਪਣੀ ਅੱਗ ਨਾਲ ਤੂਫਾਨ ਲੈ ਆਂਦਾ ਏ ।" ਪਾਂਡੋ ਨੇ ਕਿਹਾ ।

"ਤਾਂ ਬਸ ਠੀਕ ਏ ।"

ਜਦੋਂ ਨਿਵਲ ਦੇਈ ਅਸਲੀ ਰੂਪ ਵਿਚ ਬਾਹਰ ਆਈ ਤਾਂ ਪਾਂਡੋ ਉਸ ਦੇ ਰੂਪ ਦੀ ਝਾਲ ਨਾ ਝਲ ਸਕਿਆ । ਉਸ ਦੀ ਨੀਤ ਬਦਲ ਗਈ, "ਤੂੰ ਕਦੇ ਮੇਰੀ ਮੰਗ ਸੀ, ਮੈਂ ਤੈਨੂੰ ਹੁਣ ਵਾਪਿਸ ਨਹੀਂ ਜਾਣ ਦਿਆਂਗਾ ।"

"ਮੈਂ ਆਪਣੇ ਪਿਉ ਦਾ ਕੋਹੜ ਦੂਰ ਕਰਨ ਲਈ ਅਮ੍ਰਿਤ ਜਲ ਨਾਲ ਇਸ਼ਨਾਨ ਕਰਵਾ ਕੇ ਹੁਣੇ ਵਾਪਿਸ ਆ ਜਾਵਾਂਗੀ । ਮੇਰਾ ਵਾਇਦਾ ਰਿਹਾ ।"

ਨਿਵਲ ਦੇਈ ਅਮ੍ਰਤ ਨਾਲ ਗੜਵਾ ਭਰ ਕੇ ਘਰ ਪੁਜੀ ਤੇ ਬਾਸ਼ਕ ਨਾਗ ਦੇ ਅੰਗੂਠੇ ਉਤੇ ਕਪੜਾ ਬੰਨ੍ਹ ਕੇ, ਬਾਕੀ ਸਰੀਰ ਨੂੰ ਅਮ੍ਰਿਤ ਜਲ ਨਾਲ ਇਸ਼ਨਾਨ ਕਰਵਾਇਆ, ਫਲਸਰੂਪ ਕੋਹੜ ਸਿਰਫ਼ ਅੰਗੂਠੇ ਤੇ ਹੀ ਰਹਿ ਗਿਆ । ਨਿਵਲ ਦੇਈ ਹੋਰ ਅਮ੍ਰਿਤ ਜਲ ਲੈਣ ਦਾ ਬਹਾਨਾ ਕਰ ਕੇ ਕੁੰਡ ਉਤੇ ਪੁਜੀ । ਪਾਂਡੋ ਗਭਰੂ ਉਸ ਦੀ ਉਡੀਕ ਵਿਚ ਬਿਹਬਲ ਖੜਾ ਸੀ, ਉਸ ਨੂੰ ਉਧਾਲ ਕੇ ਆਪਣੇ ਡੇਰੇ ਲੈ ਗਿਆ ਤੇ ਨਿਵਲ ਦੇਈ ਨਾਲ ਵਿਆਹ ਕਰਵਾ ਲਿਆ ।

ਨਿਵਲ ਦੇਈ ਵਾਂਗ ਹਰ ਪੰਜਾਬੀ ਮੁਟਿਆਰ ਦੇ ਹੁਸਨ ਵਿਚ ਇਕ ਅੱਗ ਹੈ, ਇਕ ਭਖ਼ਦਾ ਸ਼ੁਅਲਾ ਜੋ ਪਾਣੀ ਦੇ ਅੰਦਰ ਦਾ ਧੜਕਣ ਨੂੰ ਵੀ, ਭਖ਼ਦੀ ਲਾਟ ਵਿਚ ਬਦਲ ਦੇਂਦਾ ਹੈ, ਇਸ ਗੱਲ ਦਾ ਹੁੰਗਾਰਾ ਬੋਲੀ ਭਰਦੀ ਹੈ :

ਘੁੰਡ ਚੁਕ ਨਾ ਪਤਣ ਤੇ ਖੜੀਏ
ਪਾਣੀਆਂ ਨੂੰ ਅੱਗ ਲਗ ਜਾਊ

ਇਹ ਜੋ ਪਾਣੀ ਨੂੰ ਅੱਗ ਲਗਦੀ ਹੈ, ਇਹ ਨਫ਼ਸ ਦੀ ਹੀ ਹੈ, ਕਾਮ ਲਈ ਪੈਦਾ ਹੋਇਆ ਉਬਾਲ । ਕਿੱਸਾ ਕਾਵਿ ਵਿਚ ਤਾਂ ਪਾਣੀ ਕਾਮ ਦਾ ਹੀ ਇਕ ਵੇਗ ਹੈ - ਇਕ ਨਿਰੰਤਰ ਚਲੀ ਆ ਰਹੀ ਧਾਰ, ਕਿਦਰੇ ਠਹਿਰੀ, ਕਿਧਰੇ ਬਿਹਬਲ ਤੇ ਉਹਲੀ ਹੋਈ । ਹੀਰ ਰਾਂਝੇ ਤੇ ਸੋਹਣੀ ਮਹੀਂਵਾਲ ਦੀ ਦੰਦਕਥਾ ਵਿਚ ਦਰਿਆ ਇਸੇ ਠੰਢੇ ਤੱਤੇ ਵੇਗ ਦਾ ਸੂਚਕ ਹੈ । ਜਲ ਜ਼ਿੰਦਗੀ ਹੈ ਤੇ ਵਹਾਓ ਇਹਦੀ ਧੜਕਣ । ਸੈਫ਼ ਮਲੂਕ ਦੇ ਕਿੱਸੇ ਵਿਚ ਸੈਫ਼ ਇਕ ਅਜਿਹੀ ਨਗਰੀ ਵਿਚ ਪਹੁੰਚਦਾ ਹੈ ਜਿਥੇ ਨਾਰੀਆਂ ਹੀ ਰਹਿੰਦੀਆਂ ਹਨ, ਮਰਦ ਕੋਈ ਨਹੀਂ । ਨਾਰੀ ਨਗਰੀਆਂ ਦਾ ਪੰਜਾਬੀ ਲੋਕਧਾਰਾ ਵਿਚ ਆਮ ਜ਼ਿਕਰ ਮਿਲਦਾ ਹੈ । ਸੈਫ਼ ਮਲੂਕ ਅਨੁਸਾਰ ਇਸ ਨਾਰੀ ਨਗਰੀ ਵਿਚ ਇਤ ਚਸ਼ਮਾ ਸੀ ।

ਨਾ ਠਡਾ ਨਾ ਤੱਤਾ ਬਹੁਤਾ, ਸ਼ੀਰ ਗਰਮ ਉਹ ਪਾਣੀ,
ਛਲਣਹਾਰ ਜਿਉਂ ਕਰ ਪਾਰਾ, ਸਾਫ਼ ਸ਼ਕਲ ਮਨ ਭਾਣੀ ।
ਥੋੜੀ ਥੋੜੀ ਨਜ਼ਰੀਂ ਆਵੇ, ਗਰਮ ਹਵਾੜ ਨਿਕਲਦੀ ।
ਏਵੇਂ ਮਾਲਮ ਹੋਵ ਮੱਠੀ, ਹੇਠ ਹਵ ਅੱਗ ਬਲਦੀ ।

ਨਿਮ੍ਹੀ ਨਿਮ੍ਹੀ ਅੱਗ ਧੁਖਦੀ ਵੇਖ ਕੇ ਸੈਫ਼ ਨੇ ਇਕ ਵਾਰੀ ਬੀਵੀ ਤੋਂ ਪੁਛਿਆ ਕਿ ਇਹ ਚਸ਼ਮਾ ਕਿ ਕਿਸਮ ਦਾ ਹੈ ਅਤੇ ਇਹਦੇ ਜਲ ਦੀ ਕਿ ਤਾਸੀ ਹੈ । ਤਾਂ ਬੀਬੀ ਨੇ ਦਸਿਆ :

ਬੀਬੀ ਕਹਿਆ ਸੁਣ ਸ਼ਾਹਜ਼ਾਦੇ, ਇਥੇ ਮਰਦ ਨਾ ਮਿਲਦਾ ।
ਜਾਂ ਇਹ ਕੁੜੀਆਂ ਬਾਲਗ ਹੋਵਣ, ਮਤਲਬ ਲੋੜਨ ਦਿਲ ਦਾ ।
ਸ਼ਹਵਤ ਆਣ ਕਰੇ ਜਦ ਗਲਬਾ, ਇਸ ਛਸ਼ਮੇ ’ਚ ਨਹਾਵਣ ।

ਲਜ਼ਤ ਮਰਦ ਜ਼ਨਾਨੀ ਵਾਲੀ, ਪਾਣੀ ਵਿਚੋਂ ਪਾਵਣ ।
ਨਾਲ ਹਮਲ ਉਨ੍ਹਾਂ ਨੂੰ ਹੋਵਣ ਪੈਦਾ ਹੋਵਣ ਧੀਆਂ ।
ਹੁਕਮ ਰੱਬ ਦੇ ਨਾਲ ਇਹ ਸਿਫ਼ਤਾਂ ਇਸ ਪਾਣੀ ਵਿਚ ਪਈਆਂ ।

ਜੇ ਪਾਣੀ ਅੱਗ ਬਣ ਕੇ ਔਰਤ ਦੀ ਲਿੰਗਕ ਹਵਸ ਦੀ ਪੂਰਤੀ ਕਰ ਸਕਦੀ ਹੈ ਤਾਂ ਇਸ ਵਿਚ ਕਾਮ ਮੁਕਤ ਅਥਵਾ ਪਤੀਬ੍ਰਤ ਇਸਤਰੀ ਲਈ ਬਰਫ਼ ਹੋ ਜਾਣ ਦੀ ਵੀ ਸ਼ਕਤੀ ਹੈ । ਸਤੀ ਇਸਤਰੀ ਦੇ ਸਾਮਣੇ ਪਾਣੀ ਆਪਣੀ ਸਾਰੀ ਸ਼ੋਖੀ ਤਿਆਗ ਦਿੰਦਾ ਹੈ ।

ਰਵਾਇਤ ਹੈ ਕਿ ਪੌਰਾਣਿਕ ਕਾਲ ਵਿਚ ਰਿਸ਼ੀਆਂ ਦੀਆਂ ਤੀਵੀਆਂ ਕੋਲ ਬਹੁਤੇ ਭਾਂਡੇ ਨਹੀਂ ਸਨ ਹੁੰਦੇ । ਉਹ ਦਰਿਆ ਉਤੇ ਖ਼ਾਲੀ ਹੱਥ ਪਾਣੀ ਭਰਨ ਲਈ ਜਾਂਦੀਆਂ ਤੇ ਦਰਿਆ ਦੇ ਕੰਢੇ ਰੇਤ ਦਾ ਕੱਚਾ ਘੜਾ ਬਣਾ ਕੇ ਉਸ ਵਿਚ ਪਾਣੀ ਭਰ ਕੇ ਪਰਤ ਪੈਂਦੀਆਂ । ਮਜ਼ਾਲ ਏ ਜੇ ਪਾਣੀ ਦੀ ਇਕ ਬੂੰਦ ਵੀ ਥਲੇ ਡਿਗੇ । ਉਹਨਾਂ ਤੀਵੀਆਂ ਵਿਚੋਂ ਇਕ ਮਾਈ ਧੰਨੋ ਸੀ, ਜਿਸ ਦਾ ਪੌਰਾਣਿਕ ਨਾਂ 'ਅਰ ਸੁੰਨਤੀ' ਹੈ । ਇਹ ਤੀਵੀਂ ਦਇਆ ਧਰਮ ਵਿਚ ਸਭਨਾਂ ਨਾਲੋਂ ਸੁਦ੍ਰਿੜ ਸੀ । ਉਹ ਤਰਲ ਪਾਣੀ ਨੂੰ ਹੀ ਬਰਫ ਦੇ ਡਲੇ ਵਾਂਗ ਹੱਥ ਵਿਚ ਚੁਕ ਕੇ ਘਰ ਲੈ ਆਉਂਦੀ । ਕੀ ਮਜ਼ਾਲ ਪਾਣੀ ਦੀ ਕਿ ਮਾਈ ਧੰਨੋ ਦੇ ਹੱਥਾਂ ਵਿਚ ਚੁਸਕ ਪਏ । ਰਿਸ਼ੀਆਂ ਦੀਆਂ ਬਾਕੀ ਤੀਵੀਆਂ ਉਸ ਨਾਲ ਈਰਖਾ ਕਰਨ ਲਗੀਆਂ । ਉਹਨਾਂ ਵਿਚੋਂ ਇਕ ਤੀਵੀਂ ਨੇ ਆਪਣੇ ਰਿਸ਼ੀ ਪਤੀ ਨੂੰ ਦਸਿਆ ਕਿ ਕੋਈ ਐਸਾ ਉਪਾ ਕਰੋ, ਜਿਸ ਨਾਲ ਮਾਈ ਧੰਨੋ ਦੀ ਸਤਿ ਸ਼ਕਤੀ ਖੀਣ ਹੋ ਜਾਵੇ ਤੇ ਉਹ ਪਾਣੀ ਨੂੰ ਬਰਫ ਦੇ ਡਲੇ ਵਾਂਗ ਚੁਕ ਕੇ ਘਰ ਨਾ ਲਿਆ ਸਕੇ ।

ਅਗਲੇ ਦਿਨ ਉਹ ਰਿਸ਼ੀ ਜੰਗਲ ਵਿਚ ਉਸ ਨਦੀ ਦੇ ਰਾਹ ਵਿਚ, ਜਿਥੇ ਉਹ ਸੁਆਣੀਆਂ ਪਾਣੀ ਭਰਨ ਜਾਂਦੀਆਂ ਸਨ, ਇਕ ਝਾੜੀ ਵਿਚ ਜਾ ਛੁਪਿਆ ਤੇ ਜਦੋਂ ਸੁਆਣੀਆਂ ਦੇ ਲੰਘਣ ਦਾ ਸਮਾਂ ਹੋਇਆ ਤਾਂ ਬੱਚੇ ਦਾ ਰੂਪ ਧਾਰ ਕ ਰੋਣ ਕੁਰਲਾਣ ਲਗਾ । ਧੰਨੋ ਸਭ ਤੋਂ ਅਗੇ ਸੀ । ਉਸ ਨੇ ਬੱਚੇ ਦੇ ਰੋਣ ਦੀ ਆਵਾਜ਼ ਸੁਣੀ ਤੇ ਅੰਤਰ-ਧਿਆਨ ਹੋ ਕੇ ਕਹਿਣ ਲਗੀ - "ਇਹ ਤਾਂ ਕਿਸੇ ਗਭਰੂ ਦੀ ਆਵਾਜ਼ ਹੈ, ਬੱਚੇ ਦੀ ਨਹੀਂ",

ਅਤੇ ਕਾਹਲੇ ਕਾਹਲੇ ਕਦਮ ਪੁਟਦੀ ਉਹ ਨਦੀ ਵਲ ਤੁਰ ਪਈ, ਬਾਕੀ ਸੁਆਣੀਆਂ ਉਸ ਝਾੜੀ ਵਲ ਗਈਆਂ ਤੇ ਉਸ ਬੱਚੇ ਨੂੰ ਪੁਚਕਾਰਨ ਲਗੀਆਂ । ਅੱਖ ਪਲਕਾਰੇ ਵਿਚ ਉਸ ਰਿਸ਼ੀ ਨੇ ਬੱਚੇ ਤੋਂ ਇਕ ਖ਼ੂਬਸੂਰਤ ਗਭਰੂ ਦਾ ਰੂਪ ਧਾਰਨ ਕਰ ਲਿਆ । ਉਸ ਗਭਰੂ ਦੀ ਮਨਮੋਹਣੀ ਸੂਰਤ ਵੇਖ ਕੇ ਸਭ ਸੁਆਣੀਆਂ ਭਰਮ ਗਈਆਂ ਤੇ ਨਜ਼ਰਾਂ ਭਰ ਕੇ ਵੇਖਦੀਆਂ ਰਹੀਆਂ । ਫਿਰ ਸੁਚੇਤ ਹੋ ਕੇ ਨਦੀ ਵਲ ਤੁਰ ਪਈਆਂ । ਰਾਹ ਵਿਚ ਮਾਈ ਧੰਨੋ ਪਾਣੀ ਨੂੰ ਬਰਫ ਦੇ ਡਲੇ ਵਾਂਗ ਚੁਕੀ ਵਾਪਿਸ ਆ ਰਹੀ ਸੀ ।

ਰਿਸ਼ੀਆਂ ਦੀਆਂ ਪਤਨੀਆਂ ਨੇ ਨਦੀ ਦੇ ਕੰਢੇ ਪੁਜ ਕੇ ਰੇਤ ਦੇ ਘੜੇ ਬਣਾਏ ਤੇ ਉਨ੍ਹਾਂ ਵਿਚ ਪਾਣੀ ਭਰਨ ਲਗੀਆਂ, ਪਰ ਉਹ ਰੇਤ ਦੇ ਘੜੇ ਪਾਣੀ ਪੈਂਦੇ ਸਾਰ ਖੁਰ ਗਏ । ਸੋ, ਉਹਨਾਂ ਨੂੰ ਖਾਲੀ ਹੱਥ ਘਰ ਪਰਤਣਾ ਪਿਆ, ਪਰ ਧੰਨੋ ਦੀ ਮਹਿਮਾ ਬਣੀ ਰਹੀ ਤੇ ਪਾਣੀ ਉਹਦੇ ਸਾਹਮਣੇ ਬੇਵਸ ਰਿਹਾ । ਇਹ ਮਾਈ ਧੰਨੋ ਮਰਨ ਮਗਰੋਂ ਅਰਧੁੰਤੀ ਤਾਰਾ ਬਣ ਕੇ ਟੁਕੀ । ਸਤਾਂ ਰਿਸ਼ਸਆਂ ਵਿਚੋਂ ਇਕ ਦੀ ਪਤਨੀ ਹੋਣ ਕਰਕੇ, ਸਪਤ ਰਿਸ਼ੀ ਤਾਰਿਆਂ ਦੇ ਨੇੜੇ ਸਥਾਨ ਪ੍ਰਾਪਤ ਹੋਇਆ । ਵਿਆਹ ਵੇਲੇ ਹਿੰਦੂਆਂ ਵਿਚ ਨਵੀਂ ਦੁਲ੍ਹਨ ਨੂੰ ਇਹ ਤਾਰਾ ਵਿਖਾਣ ਦੀ ਪਰੰਪਰਾ ਹੈ ।

ਭਾਵੇਂ ਇਹ ਕਥਾ-ਕਹਾਣੀਆਂ ਪੌਰਾਣਿਕ ਹਨ ਅਤੇ ਇਹਨਾਂ ਵਿਚ ਯਥਾਰਥ ਦੇ ਨਾਲ ਪਰਾ-ਕਲਪਨਾ ਦਾ ਸੰਜੋਗ ਹੈ, ਕੁਝ ਤੱਥ ਹੈ ਤੇ ਕੁਝ ਮਿੱਥ । ਪਰ ਇਹਨਾਂ ਕਥਾਵਾਂ ਵਿਚ ਪੰਜਾਬਣਾਂ ਦੇ ਅੰਦਰਲੇ ਬਾਹਰਲੇ ਹੁਸਨ ਦੀ ਇਕਸੁਰਤਾ ਅਤੇ ਏਕਾਂਕੀ ਇਸ਼ਕ, ਚਾਹੇ ਉਹ ਪਤੀ ਪ੍ਰਤੀ ਹੀ ਹੋਵੇ, ਦੀ ਗੱਲ ਪ੍ਰਤੀਕਾਂ ਦੁਆਰਾ ਕੀਤੀ ਗਈ ਹੈ । ਪਾਣੀ ਤੇ ਅੱਗ ਦੇ ਪ੍ਰਤੀਕ, ਠੰਢੇ ਤੱਤੇ ਹੁਸਨ ਅਤੇ ਇਸ਼ਕ ਦੀ ਗੱਲ ।